# ਧੁਨੀ ਸੰਪਰਦਾਇ

ਆਚਾਰੀਆ ਆਨੰਦ ਵਰਧਨ ਦੇ ਗ੍ਰੰਥ 'ਧੁਨਯਾਲੋਕ' ਨਾਲ ਧੁਨੀ ਸੰਪਰਦਾਇ ਦਾ ਸਿਧਾਂਤਕ ਮੁੱਢ ਬੱਝਿਆ। ਅਤੇ ਧੁਨੀ ਨੂੰ ਕਾਵਿ ਸਿਧਾਂਤਾਂ ਵਿਚ ਇਕ ਵੱਖਰੀ ਪ੍ਰਣਾਲੀ ਵਜੋਂ ਸਥਾਪਿਤ ਕੀਤਾ ਗਿਆ। ਕਾਵਿ ਦੇ ਅੰਦਰਲੇ ਸੌਂਦਰਜ ਨੂੰ ਪ੍ਰਗਟ ਕਰਨ ਵਾਲੀ ਇਹ ਮਹੱਤਵਪੂਰਨ ਸੰਪਰਦਾਇ ਹੈ। ਆਨੰਦ ਵਰਧਨ ਨੇ ਧੁਨੀ ਦੇ ਹਰ ਅੰਗ ਅਤੇ ਉਪਅੰਗ ਉੱਤੇ ਸਾਫ ਸਪੱਸ਼ਟ ਆਲੋਚਨਾ ਕਰਕੇ ਕਾਵਿ ਸਮੀਖਿਆ ਵਿਚ ਇਸ ਦਾ ਸਥਾਈ ਸਥਾਨ ਸਥਾਪਿਤ ਕੀਤਾ ਹੈ। ਧੁਨੀ ਸਿਧਾਂਤ ਦੇ ਮਹੱਤਵ ਨੂੰ ਸਪੱਸ਼ਟ ਕਰਦਿਆਂ,
ਡਾ. ਰਾਮ ਸਾਗਰ ਤ੍ਰਿਪਾਠੀ ਕਹਿੰਦੇ ਹਨ,

> "ਇਹ ਉਹ ਸਿਧਾਂਤ ਹੈ ਜਿਸ ਨੇ ਇਕ ਪਾਸੇ ਪਰੰਪਰਾਗਤ ਕਾਵਿ ਸਿਧਾਂਤ ਦੀ ਪਰਖ ਕਰਕੇ ਨਿਰਣਾ ਕਰਨ ਦੀ ਕੋਸ਼ਿਸ਼ ਕੀਤੀ ਕਿ ਵੱਖ-ਵੱਖ ਕਾਵਿ ਸਿਧਾਂਤਾਂ ਦਾ ਕਾਵਿ ਵਿਚ ਕੀ ਸਥਾਨ ਹੈ ਅਤੇ ਉਹਨਾਂ ਦੀ ਵਰਤੋਂ ਕਾਵਿ ਵਿਚ ਕਿਸ ਤਰ੍ਹਾਂ ਕੀਤੀ ਜਾਣੀ ਚਾਹੀਦੀ ਹੈ ਅਤੇ ਦੂਜੇ ਪਾਸੇ ਇਹ ਨਿਸ਼ਚਾ ਕਰਨ ਦਾ ਯਤਨ ਕੀਤਾ ਹੈ ਕਿ ਕਾਵਿ ਦਾ ਮੂਲ ਤੱਤ ਕੀ ਹੈ ਅਤੇ ਉਸਦੀ ਦ੍ਰਿਸ਼ਟੀ ਤੋਂ ਵੱਖ ਵੱਖ ਕਾਵਿ ਸਿਧਾਂਤਾਂ ਨੂੰ ਕਿਸ ਤਰ੍ਹਾਂ ਵਿਵਸਥਾਪਿਤ ਕੀਤਾ ਜਾ ਸਕਦਾ ਹੈ।"

ਭਾਰਤੀ ਕਾਵਿ ਸਮੀਖਿਆ ਦੀ ਧੁਨੀ ਸੰਪ੍ਰਦਾਇ ਨੇ ਕਾਵਿ ਰਚਨਾ ਦੇ ਮਾਧਿਅਮ 'ਸ਼ਬਦ' ਉਪਰ ਵਿਸ਼ੇਸ਼ ਰੂਪ ਵਿਚ ਧਿਆਨ ਕੇਂਦਰਿਤ ਕਰਕੇ ਸ਼ਬਦ ਦੀ ਮਹੱਤਤਾ ਨੂੰ ਜਾਣਨ ਵਿਚ ਖਾਸ ਦਿਲਚਸਪੀ ਵਿਖਾਈ। ਸ਼ਬਦ ਦੇ ਕੇਂਦਰਿਤ ਹੋ ਕੇ ਧੁਨੀਕਾਰ

ਸ਼ਬਦ ਦੀਆਂ ਵਿਭਿੰਨ ਸ਼ਕਤੀਆਂ ਪ੍ਰਤਿ ਜਿਗਿਆਸਾ ਪ੍ਰਦਾਨ ਕਰਵਾਇਆ।

ਸ਼ਬਦ ਬਤੌਰ ਮਾਧਿਅਮ ਕਾਵਿ ਦਾ ਮੁੱਖ ਅਤੇ ਮੂਲ ਹੈ। ਸਾਹਿਤਕਾਰ ਦਾ ਅਨੁਭਵ ਸ਼ਬਦਾਂ ਰਾਹੀਂ ਰਚਨਾ ਦਾ ਰੂਪ ਧਾਰਨ ਕਰਦਾ ਹੈ। ਸ਼ਬਦਾਂ ਦੁਆਰਾ ਹੀ ਕਾਵਿ ਵਿਚ ਸਾਧਾਰਣ ਤੋਂ ਲੈ ਕੇ ਵਿਸ਼ੇਸ਼ ਪ੍ਰਕਾਰ ਦੀ ਅਰਥ ਸਿਰਜਨਾ ਸੰਭਵ ਬਣਦੀ ਹੈ।

ਡਾ. ਸੁਖਵਿੰਦਰ ਸਿੰਘ ਅਨੁਸਾਰ,

> "ਇਸ ਪੱਖੋਂ ਵੇਖੀਏ ਤਾਂ ਸ਼ਬਦ ਕੇਵਲ ਸੰਦੇਸ਼ ਵਾਹਕ ਭਾਸ਼ਕ ਇਕਾਈ ਹੀ ਨਹੀਂ ਹਨ ਬਲਕਿ ਅਜਿਹੇ ਅਰਥਾਂ ਨੂੰ ਸਾਕਾਰ ਕਰਨ ਦਾ ਮੂਲ ਵੀ ਹਨ ਜੋ ਪਾਠਕ ਦੀ ਚੇਤਨਾ ਨੂੰ ਪ੍ਰਭਾਵਿਤ ਹੀ ਨਹੀਂ ਕਰਦੇ ਬਲਕਿ ਅਚੰਭਿਤ ਵੀ ਕਰਦੇ ਹਨ।"
>
> ਸਾਹਿਤ ਵਿਧਾਨ /

ਇਸ ਪ੍ਰਕਾਰ ਅਰਥ ਕਾਰਨ ਹੀ ਇਕ ਸਾਧਾਰਨ ਉਕਤੀ ਕਾਵਿ-ਉਕਤੀ ਦਾ ਰੂਪ ਧਾਰਨ ਕਰਦੀ ਹੈ। ਕਾਵਿ ਭਾਸ਼ਾ ਦੀ ਇਸ ਅਨੂਠੀ ਸ਼ਕਤੀ ਨੂੰ ਸਮਝਣ ਪ੍ਰਤੀ ਵਿਸ਼ੇਸ਼ ਸੋਝੀ ਹੀ ਪ੍ਰਤੀਕਾਂ ਦੀ ਖਾਸ ਦੇਣ ਹੈ।

**ਧੁਨੀ ਸ਼ਬਦ ਦਾ ਅਰਥ:**

ਧੁਨੀ ਸ਼ਬਦ ਦੇ ਦੋ ਅਰਥ ਹਨ- ਇਕ ਸਧਾਰਨ, ਜਿਸ ਤੋਂ ਭਾਵ ਹੈ ਕੰਨਾਂ ਵਿਚ ਪੈਣ ਵਾਲੀ ਆਵਾਜ਼ ਅਤੇ ਦੂਜਾ ਪਰਿਭਾਸ਼ਿਕ ਜਾਂ ਕਾਵਿ ਸ਼ਾਸਤਰੀ ਅਰਥ। ਇਸ ਸੰਬੰਧ ਵਿਚ 'ਉਮਾ ਸ਼ੰਕਰ ਸ਼ਰਮਾ' ਦੀ ਸਥਾਪਨਾ ਹੈ- ਸਾਧਾਰਣ ਵਿਵਹਾਰ ਵਿਚ ਕੰਨਾਂ ਨੂੰ ਸੁਣਾਈ ਪੈਣ ਵਾਲੇ ਨਾਦ ਨੂੰ ਹੀ ਧੁਨੀ ਕਿਹਾ ਜਾਂਦਾ ਹੈ।

## ਡਾ. ਰਣਧੀਰ ਸਿੰਘ ਚੰਦ ਅਨੁਸਾਰ,

"ਧੁਨੀ ਸੰਪਰਦਾਇ ਵਿਚ ਧੁਨੀ ਦਾ ਅਰਥ ਰਮਜ਼ ਜਾਂ ਸੁਝਾਉ ਦੇ ਰੂਪ ਵਿਚ ਲਿਆ ਜਾਂਦਾ ਹੈ। ਜਿਹੜੇ ਕਾਵਿ ਵਿਚ ਸੁਝਾਉ ਜਾਂ ਰਮਜ਼ ਹੋਵੇ ਉਸ ਨੂੰ ਧੁਨੀ ਦੇ ਅੰਤਰ-ਗਤ ਰੱਖਿਆ ਜਾਂਦਾ ਹੈ।"

ਪਰਿਭਾਸ਼ਿਕ ਸ਼ਬਦਾਂ ਦੇ ਰੂਪ ਵਿਚ ਧੁਨੀ ਦੇ ਆਚਾਰਯ 'ਆਨੰਦ ਵਰਧਨ' ਨੇ ਇਸ ਦੀ ਵਰਤੋਂ ਕਈ ਅਰਥਾਂ ਵਿਚ ਕੀਤੀ ਹੈ। ਉਨ੍ਹਾਂ ਦੇ ਮਤ ਅਨੁਸਾਰ ਧੁਨੀ ਸ਼ਬਦ ਦੀ ਵਰਤੋਂ ਕਈ ਅਰਥਾਂ ਵਿਚ ਕੀਤੀ ਜਾ ਸਕਦੀ ਹੈ।

1. ਉਹ ਵਿਅੰਜਕ ਸ਼ਬਦ ਜੋ ਧੁਨਿਤ ਕਰੇ ਜਾਂ ਕਰਾਏ।
2. ਉਹ ਵਿਅੰਜਕ ਅਰਥ ਜੋ ਧੁਨਿਤ ਕਰੇ ਜਾਂ ਕਰਾਏ।
3. ਇਹ ਜਿਸ ਦੀ ਵਿਅੰਜਨਾ ਕਰਾਈ ਜਾਵੇ।
4. ਉਹ ਸ਼ਬਦ ਸ਼ਕਤੀ ਜਿਸ ਰਾਹੀਂ ਵਿਅੰਜਨਾ ਕਰਾਈ ਜਾਵੇ।
5. ਉਹ ਕਾਵਿ ਜਿਸ ਵਿਚ ਰਸ, ਵਸਤੂ ਅਤੇ ਅਲੰਕਾਰ ਧੁਨਿਤ ਹੋਣ।

ਸੋ ਇਸ ਪ੍ਰਕਾਰ ਧੁਨੀ ਸ਼ਬਦ, ਵਿਅੰਜਕ ਸ਼ਬਦ, ਵਿਅੰਜਕ ਅਰਥ, ਵਿਅੰਗ, ਵਿਅੰਜਨਾ ਅਤੇ ਵਿਅੰਗ ਕਾਵਿ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ। ਆਮ ਕਾਵਿ ਸ਼ਾਸਤਰੀ ਭਾਸ਼ਾ ਵਿਚ ਧੁਨੀ ਦੀ ਵਰਤੋਂ ਵਿਅੰਗ ਅਰਥ ਲਈ ਕਰਦੇ ਹਨ।

**ਧੁਨੀ ਦੀ ਪਰਿਭਾਸ਼ਾ:** ਧੁਨੀ ਸਿਧਾਂਤ ਦੇ ਸੰਸਥਾਪਕ ਆਚਾਰਯ 'ਆਨੰਦ ਵਰਧਨ' ਨੇ ਧੁਨੀ ਜਾਂ ਵਿਅੰਗ ਨੂੰ ਕਾਵਿ ਦੀ ਆਤਮਾ ਦਸਦੇ ਹੋਏ ਕਿਹਾ ਹੈ ਕਿ,

"ਜਿਥੇ ਅਰਥ ਆਪਣੇ ਆਪ ਨੂੰ
ਅਤੇ ਆਪਣੇ ਅਭਿਧਾਮੂਲਕ
ਅਰਥ ਨੂੰ ਗੌਣ ਕਰਕੇ ਕਿਸੇ
ਵਿਸ਼ੇਸ਼ ਅਰਥ ਨੂੰ ਵਿਅਕਤ
ਕਰੇ ਤਾਂ ਇਸ ਪ੍ਰਕਾਰ ਦਾ
ਵਿਸ਼ੇਸ਼ ਕਾਵਿ 'ਧੁਨੀ' ਕਾਵਿ ਹੈ।"

'ਆਨੰਦ ਵਰਧਨ' ਅਨੁਸਾਰ, "ਇਹ ਧੁਨੀ (ਪ੍ਰਤੀਜਮਾਨ) ਮਹਾ-ਕਵੀਆਂ ਦੀ ਬਾਣੀ (ਰਚਨਾ) ਵਿਚ ਉਸੇ ਤਰ੍ਹਾਂ ਮੌਜੂਦ ਹੁੰਦੀ ਹੈ, ਜਿਸ ਤਰ੍ਹਾਂ ਸੁੰਦਰਨਾਰ ਦੇ ਸਰੀਰ ਦੇ ਵੱਖ-ਵੱਖ ਅੰਗਾਂ ਤੋਂ ਭਿੰਨ ਲਾਵ ਦੀ ਸੋਭਾ ਹੁੰਦੀ ਹੈ।" ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਧੁਨੀ ਕੇਵਲ ਵਿਅੰਗ ਅਰਥ ਨਹੀਂ ਹੁੰਦੀ, ਸਗੋਂ ਉਸਤੋਂ ਵਧ ਕੇ ਕੁਝ ਹੋਰ ਵੀ ਹੁੰਦੀ ਹੈ।

ਆਚਾਰਯ 'ਅਭਿਨਵ ਗੁਪਤ' ਨੇ 'ਲੋਚਨ' ਟੀਕਾ ਵਿਚ ਲਿਖਿਆ ਹੈ ਕਿ "ਸ਼ਬਦ ਅਰਥ ਦਾ ਧੁਨਿਤ ਵਿਆਪਾਰ ਸਰਥ੍ਰਤ ਹੋਇਆ ਕਰਦਾ ਹੈ। ਇਹ ਕਾਵਿ ਵਿਸ਼ੇਸ਼ ਦਾ ਅਰਥ ਹੈ। ਅਰਥ ਸ਼ਬਦ ਤੋਂ ਵਾਚਕ ਅਰਥ ਵੀ ਧੁਨਿਤ ਹੋਇਆ ਹੈ ਅਤੇ ਸ਼ਬਦ ਵੀ। ਇਸੇ ਤਰ੍ਹਾਂ ਵਿਅੰਗ ਅਰਥ ਵੀ ਧੁਨਿਤ ਹੋਇਆ ਕਰਦਾ ਹੈ। ਕਹਿਣ ਤੋਂ ਭਾਵ ਹੈ ਕਿ ਧੁਨੀ ਅਰਥ ਭਾਵਗਤ ਤਾਂ ਹੋਇਆ ਕਰਦੀ ਹੈ, ਉਸਦੇ ਨਾਲ ਸ਼ਬਦਗਤ ਵੀ ਹੁੰਦੀ ਹੈ।

ਉਪਰੋਕਤ ਵਿਸ਼ਲੇਸ਼ਣ ਦੇ ਅਧਾਰ ਤੇ ਕਿਹਾ ਜਾ ਸਕਦਾ ਹੈ ਕਿ ਧੁਨੀ ਸਿਧਾਂਤ ਕਾਫੀ ਵਿਆਪਕ ਸਿਧਾਂਤ ਹੈ।

## ਧੁਨੀ ਸੰਪਰਦਾਇ ਦਾ ਵਿਕਾਸ:—

ਧੁਨੀ ਸੰਪਰਦਾਇ ਦਾ ਆਰੰਭ ਆਚਾਰਯ ਆਨੰਦ ਵਰਧਨ ਨੇ ਕੀਤਾ। ਉਸਨੂੰ ਧੁਨੀ-ਕਾਰ ਦੇ ਨਾਂ ਨਾਲ ਵੀ ਜਾਣ ਕੀਤਾ ਜਾਂਦਾ ਹੈ। 'ਧੁਨਜਾਲੋਕ' ਗ੍ਰੰਥ ਦੀ ਰਚਨਾ ਕਰਕੇ ਆਨੰਦ

ਵਰਧਨ ਨੇ ਨੌਵੀਂ ਸਦੀ ਵਿਚ ਧੁਨੀ ਸਿਧਾਂਤ ਦੀ ਸਥਾਪਨਾ ਕੀਤੀ। ਸਭ ਤੋਂ ਪਹਿਲਾਂ ਅਭਿਨਵ- ਗੁਪਤ ਨੇ ਆਪਣੇ ਟੀਕੇ ਰਾਹੀਂ ਨਾ ਕੇਵਲ 'ਧੁਨਆਲੋਕ' ਦੀ ਵਿਆਖਿਆ ਕੀਤੀ, ਸਗੋਂ ਇਸ ਸੰਬੰਧ ਵਿਚ ਹੋਰ ਅਨੇਕ ਤੱਥਾਂ ਨੂੰ ਪ੍ਰਕਾਸ਼ ਵਿਚ ਲਿਆਂਦਾ। ਉਹ ਧੁਨੀ ਨੂੰ ਕਾਵਿ ਦੀ ਆਤਮਾ ਮੰਨਦਾ ਹੋਇਆ ਵੀ ਉਸਨੂੰ ਕਾਵਿ ਦਾ ਸਰਬੰਸ ਨਹੀਂ ਮੰਨਦਾ. ਉਹ ਤਾਂ ਰਸਾਤਮਕ ਸੌਂਦਰਯ ਯੁਕਤ ਧੁਨੀ ਨੂੰ ਹੀ ਕਾਵਿ ਜਾਂ ਕਾਵਿ ਦੀ ਆਤਮਾ ਸਵੀਕਾਰ ਕਰਦਾ ਹੈ।

## ਧੁਨੀ ਦੀ ਸਥਿਤੀ ਅਨੁਸਾਰ ਕਾਵਿ- ਭੇਦ

ਧੁਨੀ ਜਾਂ ਵਿਅੰਗ ਅਰਥ ਦੀ ਸਥਿਤੀ ਅਨੁਸਾਰ ਆਚਾਰਯ 'ਆਨੰਦ ਵਰਧਨ' ਨੇ ਕਾਵਿ ਦੇ ਪ੍ਰਮੁੱਖ ਤੌਰ ਤੇ ਤਿੰਨ ਭੇਦ ਮੰਨੇ ਹਨ:—

੧. **ਉੱਤਮ ਕਾਵਿ:** ਇਸ ਵਿਚ ਵਿਅੰਗ ਅਰਥ ਵਾਚਯ ਅਰਥ ਨਾਲੋਂ ਜ਼ਿਆਦਾ ਪ੍ਰਬਲ ਅਤੇ ਉਤਕ੍ਰਿਸ਼ਟ ਹੁੰਦਾ ਹੈ ਇਸਨੂੰ 'ਧੁਨੀ ਕਾਵਿ' ਵੀ ਕਿਹਾ ਜਾਂਦਾ ਹੈ।

੨. **ਮੱਧਮ ਕਾਵਿ:** ਇਸ ਵਿਚ ਵਿਅੰਗ ਅਰਥ ਦਾ ਮਹੱਤਵ ਵਾਚਯ ਅਰਥ ਦੇ ਸਮਾਨ ਹੁੰਦਾ ਹੈ ਜਾਂ ਉਸਤੋਂ ਘੱਟ ਹੁੰਦਾ ਹੈ ਜਾਂ ਵਾਚਯ ਅਰਥ ਦੇ ਮੁਕਾਬਲੇ ਵਿਅੰਗ ਅਰਥ ਗੌਣ ਹੁੰਦਾ ਹੈ। ਇਸਨੂੰ ਗੁਣੀਭੂਤ ਵਿਅੰਗ ਕਾਵਿ ਦਾ ਨਾਂ ਵੀ ਦਿੱਤਾ ਗਿਆ ਹੈ।

3. **ਅੱਧਮ ਕਾਵਿ:** ਇਸ ਕਾਵਿ ਵਿਚ ਅਭਿਧਾ ਅਥਵਾ ਵਾਚਯ ਅਰਥ ਦੀ ਪ੍ਰਮੁੱਖਤਾ ਹੁੰਦੀ ਹੈ। ਅਤੇ ਅਲੰਕਾਰਾਂ ਦਾ ਚਮਤਕਾਰ ਹੀ ਦਿਖਾਇਆ ਜਾਂਦਾ ਹੈ।

## ਧੁਨੀ ਦੇ ਭੇਦ

ਧੁਨੀ ਸ਼ਬਦ ਦੇ ਦੋ ਭੇਦ ਹੁੰਦੇ ਹਨ: ਧੁਨੀਆਤਮਕ ਅਤੇ ਵਰਣਾਤਮਕ।

੧. **ਧੁਨੀਆਤਮਕ:** ਧੁਨੀਆਤਮਕ ਅਰਥਾਤ ਉਹ ਸ਼ਬਦ ਜੋ ਵੀਣਾ,

ਧੁਨੀ ਆਦਿ ਵਾਜਿਆਂ, ਪਸ਼ੂ ਪੰਛੀਆਂ ਦੀਆਂ ਬੋਲੀਆਂ ਅਤੇ ਚੋਟ ਤੋਂ ਪੈਦਾ ਹੁੰਦਾ ਹੈ।

2. ਵਰਣਾਤਮਕ: ਉਹ ਸ਼ਬਦ ਜਿਹੜੇ ਵਰਣ ਜਾਂ ਅੱਖਰਾਂ ਵਿਚ ਸਾਫ਼ ਤੌਰ ਤੇ ਲਿਖੇ ਤੇ ਬੋਲੇ ਜਾ ਸਕਦੇ ਹਨ।

ਪ੍ਰਾਚੀਨ ਭਾਰਤੀਆਂ ਨੇ ਵਿਸ਼ੇ ਭੇਦ ਦੀ ਦ੍ਰਿਸ਼ਟੀ ਤੋਂ ਸ਼ਬਦ ਦੀ ਵੰਡ ਚਾਰ ਤਰ੍ਹਾਂ ਕੀਤੀ ਹੈ, ਜਿਸ ਅਨੁਸਾਰ ਸ਼ਬਦ ਚਾਰ ਪ੍ਰਕਾਰ ਦੇ ਹੁੰਦੇ ਹਨ: ਜਾਤੀ ਵਾਚਕ, ਗੁਣ ਵਾਚਕ, ਕ੍ਰਿਆ ਵਾਚਕ, ਵਿਅਕਤੀ ਵਾਚਕ। ਜਾਤੀ ਵਾਚਕ ਸਮੂੰਚੀ ਜਾਤੀ ਦਾ ਬੋਧ ਕਰਾਉਂਦਾ ਹੈ। ਜਿਵੇਂ 'ਗਊ' ਸ਼ਬਦ ਤੋਂ ਸਾਰੀ ਗਊ ਜਾਤੀ, ਗੁਣ ਵਾਚਕ ਕਿਸੇ ਵਿਅਕਤੀ ਜਾਂ ਵਸਤੂ ਦੇ ਗੁਣ ਦੀ ਸੂਚਨਾ ਦਿੰਦਾ ਹੈ। ਜਿਵੇਂ: ਕਾਲਾ, ਪੀਲਾ, ਖੱਟਾ ਮਿਠਾ। ਕ੍ਰਿਆਵਾਚਕ ਤੋਂ ਭਾਵ ਹੈ ਚਲਣਾ, ਫਿਰਨਾ।

ਭਾਰਤੀ ਆਲੋਚਕਾ ਨੇ ਅਰਥ ਨੂੰ ਤਿੰਨ ਪ੍ਰਕਾਰ ਦਾ ਨਿਰੂਪਿਤ ਕੀਤਾ ਹੈ:

1. ਵਾਚਿਆਰਥ (Expressed)
2. ਲੱਖਣਾਰਥ (Indicated)
3. ਵਿਅੰਗਾਰਥ (Suggested)

ਕੁਝ ਵਿਦਵਾਨ ਸ਼ਬਦ ਤੇ ਅਰਥ ਨੂੰ ਇਕੋ ਜਾਂ ਅਭਿੰਨ ਮੰਨਦੇ ਹਨ, ਇਉ ਅਦਵੈਤ ਸੰਬੰਧ ਸਥਾਪਿਤ ਕਰਦੇ ਹਨ। 'ਭਰਥਰੀ ਹਰੀ' ਨੇ ਦੱਸਿਆ ਹੈ ਕਿ ਸ਼ਬਦ ਤੇ ਅਰਥ ਵਿਚ ਕੋਈ ਖਾਸ ਭੇਦ (ਅੰਤਰ) ਨਾ ਹੋ ਕੇ ਖਾਲੀ ਸਰੂਪ- ਭੇਦ ਹੈ। ਇਸ ਅਨੁਸਾਰ ਅਰਥ ਤੇ ਸ਼ਬਦ ਇਕੋ ਹੀ ਵਸਤੂ ਦੇ ਦੋ ਅੰਗ ਹਨ, ਇਕ ਬਾਹਰਲਾ ਤੇ ਦੂਜਾ ਅੰਦਰਲਾ।

ਇਸ ਤੋਂ ਇਲਾਵਾ ਸ਼ਬਦ ਦੇ ਇਕ ਪ੍ਰਤੀਕਾਤਮਕ ਸੰਬੰਧ ਦੀ ਵੀ ਕਲਪਨਾ ਕੀਤੀ ਗਈ ਮਿਲਦੀ ਹੈ। ਉਸ

ਅਜਿਹੇ ਪੂਰੇ ਭਾਵ ਉਜਾਗਰ ਕਰਨ ਦੀ ਸਮਰੱਥਾ ਨਹੀਂ ਹੁੰਦੀ। ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਸ਼ਬਦਾਂ ਵਿਚ ਸਾਰੇ ਭਾਵਾਂ ਨੂੰ ਦੱਸਣ ਦੀ ਸ਼ਕਤੀ ਨਹੀਂ ਹੈ। ਇਹੋ ਕਾਰਣ ਹੈ ਕਿ ਬੋਲਣ ਵੇਲੇ ਅਸੀਂ ਆਪਣੇ ਮਨੋਭਾਵਾਂ ਨੂੰ ਹਰਕਤਾਂ ਤੇ ਇਸ਼ਾਰਿਆਂ ਦੀ ਸਹਾਇਤਾ ਨਾਲ ਸਹੀ ਤੌਰ ਤੇ ਪੇਸ਼ ਕਰਨ ਦੀ ਚੇਸ਼ਟਾ ਕਰਦੇ ਹਾਂ।

ਸੋਸਿਊਰ ਦਾ ਮਤ ਹੈ ਕਿ,

"Language is a system of signs."

ਸੋ ਸ਼ਬਦ ਤੇ ਅਰਥ ਦਾ ਸੰਬੰਧ ਹੀ ਸ਼ਕਤੀ ਹੈ। ਇਸ ਲਈ ਸ਼ਬਦ ਦੀਆਂ ਇਕ ਤੋਂ ਵੱਧ ਸ਼ਕਤੀਆਂ ਮੰਨੀਆਂ ਜਾਂਦੀਆਂ ਹਨ, ਜਿਸ ਰਾਹੀਂ ਉਹ ਸ਼ਬਦ ਵੱਖ-ਵੱਖ ਅਰਥਾਂ ਦਾ ਗਿਆਨ ਕਰਵਾਉਂਦਾ ਹੈ। ਇਹ ਤਿੰਨ ਸ਼ਕਤੀਆਂ ਹਨ: ਅਭਿਧਾ, ਲਕਸ਼ਣਾ, ਵਿਅੰਜਨਾ। ਜਿਸ ਵਿਚ ਇਹ ਸ਼ਕਤੀਆਂ ਹੁੰਦੀਆਂ ਹਨ ਉਹ ਤਿੰਨ ਪ੍ਰਕਾਰ ਹਨ: ੧. ਵਾਚਕ ੨. ਲਕਸ਼ਕ ੩. ਵਿਅੰਜਕ। ਅਰਥ ਵੀ ਤਿੰਨ ਪ੍ਰਕਾਰ ਦਾ ਹੈ: ੧. ਵਾਚਿਆਰਥ ਜਾਂ ਮੁੱਖ ਅਰਥ, ੨. ਲੱਖਯਾਰਥ ੩. ਵਿਅੰਗਿਆਰਥ।

## ਸ਼ਬਦ ਸ਼ਕਤੀਆਂ

ਸ਼ਬਦ ਵਿਚ ਲੁਕੇ ਅਰਥ ਨੂੰ ਪ੍ਰਗਟ ਕਰਨ ਵਾਲੇ ਤੱਤ ਨੂੰ 'ਸ਼ਬਦ ਸ਼ਕਤੀ' ਕਿਹਾ ਜਾਂਦਾ ਹੈ। ਇਸਦਾ ਦੂਜਾ ਨਾ 'ਸ਼ਬਦ-ਵਿਆਪਾਰ' ਵੀ ਹੈ। ਸ਼ਬਦ ਸ਼ਕਤੀ ਤੋਂ ਬਿਨਾਂ ਅਰਥ ਦਾ ਗਿਆਨ ਨਹੀਂ ਹੁੰਦਾ। ਇਸ ਲਈ ਸ਼ਬਦ ਅਤੇ ਅਰਥ ਦੇ ਸੰਬੰਧ ਬਾਰੇ ਵਿਚਾਰ ਕਰਨ ਵਾਲੇ ਤੱਤ ਨੂੰ 'ਸ਼ਬਦ ਸ਼ਕਤੀ' ਦਾ ਨਾਂ ਦਿੱਤਾ ਗਿਆ ਹੈ।

੧. ਅਭਿਧਾ (Denotation): ਸ਼ਬਦ ਦੀ ਪਹਿਲੀ ਸ਼ਕਤੀ ਨੂੰ 'ਅਭਿਧਾ' ਆਖਿਆ ਜਾਂਦਾ ਹੈ।

ਮੁੱਖ ਜਾਂ ਮੁੱਢਲੀ ਹੋਣ ਕਰਕੇ ਹੀ 'ਵਿਸ਼ਵਨਾਥ' ਨੇ ਇਸਨੂੰ ਅਗ੍ਰਿਮਾ ਜਾਂ ਮੋਹਰੀ ਕਿਹਾ ਹੈ। ਅੰਗਰੇਜ਼ੀ ਵਿਚ ਇਸਨੂੰ 'Power of Expression' ਕਿਹਾ ਜਾਂਦਾ ਹੈ। 'ਅਭਿਧਾ' ਦਾ ਅੱਖਰੀ ਅਰਥ ਹੈ 'ਨਾਮ' (Naming) ਕਿਉਂਕਿ ਇਹ ਨਾਮ ਵਿਚ ਰਹਿੰਦੀ ਹੈ। ਇਸ ਸ਼ਕਤੀ ਰਾਹੀਂ ਸੁਭਾਵਿਕ ਅਰਥ ਦਾ ਪਤਾ ਚੱਲਦਾ ਹੈ ਉਸਨੂੰ ਅਭਿਧਾ ਸ਼ਕਤੀ ਕਹਿੰਦੇ ਹਨ।

'ਸੰਕੇਤਿਕ' ਅਰਥ ਦਾ ਭਾਵ ਆਮ ਬੋਲਚਾਲ ਵਿੱਚ ਮਸ਼ਹੂਰ ਹੈ। ਜਿਸ ਵਿਚ ਵਸਤੂ ਭਾਵ ਤਾਈਂ ਸਾਡੀ ਮੁਰਾਦ ਹੋਵੇ। ਜਿਸ ਅਰਥ ਵਿਚ ਸ਼ਬਦ ਦਾ ਸੰਕੇਤ ਹੋਵੇ, ਉਹ 'ਸੰਕੇਤਿਕ' ਅਰਥ ਹੁੰਦਾ ਹੈ। ਸ਼ਬਦ ਤੇ ਅਰਥ ਦਾ ਕੁਦਰਤੀ ਸੰਬੰਧ ਸੰਕੇਤ ਹੈ। 'ਗਧਾ' ਸ਼ਬਦ ਦਾ ਸੰਕੇਤ ਲੰਮੇ-ਲੰਮੇ ਕੰਨਾਂ ਵਾਲੇ ਪਸ਼ੂ ਤੋਂ ਹੈ। ਇਸ ਲਈ 'ਗਧਾ' ਇਕ ਸੰਕੇਤਿਕ ਅਰਥ ਹੈ।

ਨਾਗੇਸ਼ ਭੱਟ ਦੇ ਅਨੁਸਾਰ,

> “ਸ਼ਬਦ ਤੇ ਅਰਥ ਦਾ ਇਕ ਵਿਲੱਖਣ ਸੰਬੰਧ ਹੀ ਸ਼ਕਤੀ ਹੈ, ਜਿਹੜੀ ਅਰਥ ਦਾ ਗਿਆਨ ਕਰਾਉਂਦੀ ਹੈ। ਲੋਕਾਂ ਦੇ ਕਾਰ-ਵਿਹਾਰ ਤੋਂ ਸੰਕੇਤ ਹੋਣ ਕਰਕੇ ਇਸ ਸੰਬੰਧ ਦਾ ਅਹਿਸਾਸ ਹੁੰਦਾ ਹੈ ਜਿਸਨੂੰ ਸੰਕੇਤ ਕਹਿੰਦੇ ਹਨ। ਇਸ ਸੰਕੇਤ ਸ਼ਕਤੀ ਨੂੰ 'ਅਭਿਧਾ' ਕਿਹਾ ਜਾਂਦਾ ਹੈ।

ਇਸ ਸ਼ਬਦ ਨੂੰ ਸੰਕੇਤਕ ਬਣਾਉਣ ਬਾਰੇ ਬਹੁਤ ਲੰਮੇਰੀ ਤੇ ਗੰਭੀਰ ਚਰਚਾ ਸੰਸਕ੍ਰਿਤ ਗ੍ਰੰਥਾਂ ਵਿਚ ਹੋਈ ਮਿਲਦੀ ਹੈ। ਭਾਰਤੀ ਦਾਰਸ਼ਨਿਕਾਂ ਨੇ ਇਸ ਸੰਕੇਤ ਦਾ ਆਧਾਰ ਰੱਬੀ ਮਨਸ਼ਾ ਨੂੰ ਮੰਨਿਆ ਹੈ। ਹੁਣ ਇਹ ਸਵਾਲ ਉਠਦਾ ਹੈ ਕਿ

'ਅਭਿਧਾ' ਸ਼ਕਤੀ ਰਾਹੀਂ ਸੰਕੇਤ ਦਾ ਕਿਹੜਾ ਅਰਥ ਗ੍ਰਹਿਣ ਹੁੰਦਾ ਹੈ ਅਤੇ ਉਸਦਾ ਗਿਆਨ ਕਿਸ ਰਾਹ ਤੋਂ ਹੁੰਦਾ ਹੈ। ਭਾਰਤੀ ਵਿਦਵਾਨਾਂ ਨੇ ਸੰਕੇਤ ਦੇ ਗ੍ਰਹਿਣ ਕਰਨ ਦੇ ਸੰਬੰਧ ਵਿਚ ਅੱਠ ਸਾਧਨ (Ways) ਮੰਨੇ ਹਨ।

1. <u>ਵਿਆਕਰਣ</u>: ਇਸ ਤੋਂ ਭਾਵ ਇਸ ਵਿਚ ਵਰਤੇ ਗਏ ਬਾਕ ਦੇ ਸ਼ਬਦਾਂ ਦੇ ਧਾਤੂ ਅਗੇਤਰ ਪਿਛੇਤਰ ਆਦਿ ਦਾ ਗਿਆਨ ਹੁੰਦਾ ਹੈ।
2. <u>ਉਪਮਾਨ</u>: ਉਪਮਾਨ ਦਾ ਅਰਥ ਹੈ, ਸਮਾਨਤਾ, ਬਰਾਬਰੀ, ਸਮਝ। ਇਸ ਨਾਲ ਵੀ ਸੰਕੇਤ ਦਾ ਪਤਾ ਲਗਦਾ ਹੈ, ਜਿਵੇਂ 'ਗਵੀ' ਗੌਂ ਵਰਗੀ ਹੁੰਦੀ ਹੈ। ਇਸ ਮੇਲ ਤੋਂ ਗਵੀ ਨੂੰ ਜਾਣਨ ਵਾਲਾ ਉਸਨੂੰ ਵੇਖ ਕੇ ਝਟ ਸਮਝ ਜਾਵੇਗਾ।
3. <u>ਕੋਸ਼ (Dictionary)</u>: ਇਸ ਤੋਂ ਪਤਾ ਚਲਦਾ ਹੈ ਕਿ 'ਨਿਆਇ' ਸ਼ਬਦ ਦੇ ਦੋ ਅਰਥ ਹਨ। ਇਕ ਬਾਲਕ ਅਤੇ ਦੂਜਾ ਗਊ ਚੋਣ ਵੇਲੇ ਉਸਦੀਆਂ ਲੱਤਾਂ ਵਿਚ ਪਾਇਆ ਜਾਂਦਾ ਰੱਸਾ।
4. <u>ਪ੍ਰਸਿੱਧ ਵਿਅਕਤੀ ਦੇ ਕਥਨ</u>: ਮੰਨੇ ਪ੍ਰਮੰਨੇ ਵਿਅਕਤੀ ਦੇ ਕਥਨ ਤੋਂ ਵੀ ਸੰਕੇਤ ਅਰਥ ਗ੍ਰਹਿਣ ਹੁੰਦਾ ਹੈ। ਜਿਵੇਂ ਕੋਈ ਭਰੋਸੇਯੋਗ ਆਦਮੀ ਅਜਨਬੀ ਨੂੰ ਦੱਸੇ ਕਿ ਇਸ ਸ਼ੈਅ ਦਾ ਨਾਂ ਇਹ ਹੈ। ਉਹ ਆਦਮੀ ਉਹੀ ਅਰਥ ਮੰਨ ਲੈਂਦਾ ਹੈ।
5. <u>ਵਿਵਹਾਰਿਕ ਵਰਤੋਂ (Usage)</u>: ਜਿਵੇਂ ਬੱਚੇ ਵੱਡੇ ਵਿਅਕਤੀਆਂ ਤੋਂ ਜਦੋਂ ਇਹ ਸੁਣਦੇ ਹਨ ਕਿ 'ਘੜਾ ਚੁੱਕੋ', 'ਘੜਾ ਰੱਖੋ' ਤਾਂ ਉਹ ਉਸ ਸ਼ਬਦ ਦੀ ਮਿੱਟੀ ਦੇ ਬਣਾਏ ਗੋਲ ਆਕਾਰ ਵਾਲੇ ਪਦਾਰਥ' ਨੂੰ ਵਰਤੋਂ ਵਿਚ ਵੇਖ ਕੇ ਗ੍ਰਹਿਣ ਕਰਦਾ ਹੈ।
6. <u>ਪ੍ਰਸੰਗ (Content)</u>: ਕਈ ਵਾਰ ਸ਼ਬਦ ਦਾ ਅਰਥ ਉਦੋਂ ਸਾਫ਼-ਸਪੱਸ਼ਟ ਹੁੰਦਾ ਹੈ ਜਦੋਂ ਉਸਦੇ ਅਗਲੇ ਪ੍ਰਸੰਗ ਦਾ ਪਤਾ ਲੱਗੇ।

7. **ਟੀਕਾ ਜਾਂ ਵਿਆਖਿਆ:** ਜਦੋਂ ਕਿਸੇ ਸ਼ਬਦ ਦਾ ਟੀਕਾ ਹੋ ਜਾਵੇ ਜਾਂ ਉਸਦੀ ਭਲੀ ਭਾਂਤ ਵਿਆਖਿਆ ਹੋ ਜਾਵੇ ਤਾਂ ਉਸਦੇ ਅਸਲੀ ਸੰਕੇਤ ਦਾ ਗਿਆਨ ਹੁੰਦਾ ਹੈ।

8. **ਪ੍ਰਸਿੱਧ ਸ਼ਬਦ ਦੀ ਨੇੜਤਾ:** ਇਕ ਪ੍ਰਸਿੱਧ ਸ਼ਬਦ ਨੂੰ ਵੇਖ ਕੇ ਨੇੜਵਰਤੀ ਸ਼ਬਦ ਦੇ ਅਰਥ ਦਾ ਭਾਨ ਹੁੰਦਾ ਹੈ। ਜਿਵੇਂ: 'ਪ੍ਰਸਾਦ ਛਕੀਏ' ਵਿਚ 'ਛੱਕਣਾ' ਕਿਰਿਆ ਦੀ ਨੇੜਤਾ ਕਰਕੇ 'ਪ੍ਰਸਾਦ' ਅਰਥ ਭੋਜਨ ਹੈ- ਮਿਹਰਬਾਨੀ ਨਹੀਂ।

## ਅਭਿਧਾ ਸ਼ਕਤੀ ਦੀਆਂ ਕਿਸਮਾਂ

ਅਭਿਧਾ ਸ਼ਕਤੀ ਜਿਨ੍ਹਾਂ ਸ਼ਬਦਾਂ ਰਾਹੀਂ ਅਰਥਾਂ ਦਾ ਗਿਆਨ ਕਰਾਉਂਦੀ ਹੈ ਉਨ੍ਹਾਂ ਸ਼ਬਦਾਂ ਦੇ ਤਿੰਨ ਭੇਦ ਕੀਤੇ ਗਏ ਹਨ:-

੧. ਰੂੜ੍ਹੀ ਸ਼ਬਦ
੨. ਜੋਗਿਕ ਸ਼ਬਦ
3. ਜੋਗ-ਰੂੜ੍ਹੀ ਸ਼ਬਦ

ਰੂੜ੍ਹ ਸ਼ਬਦ ਉਹ ਹਨ ਜਿਨ੍ਹਾਂ ਦੇ ਅਰਥ ਜਾਂ ਭਾਵ ਦਾ ਗਿਆਨ ਇਕ ਰੂੜ੍ਹੀ ਪਰੰਪਰਾ ਤੇ ਰਹੁ ਰੀਤ ਤੋਂ ਹੈ। ਜੋਗਿਕ ਸ਼ਬਦ ਉਹ ਹਨ ਜਿਨ੍ਹਾਂ ਦੇ ਅਰਥ ਦਾ ਬੋਧ ਸ਼ਬਦ ਦੇ ਭਿੰਨ-੨ ਅੰਸ਼ਾਂ ਤੋਂ ਹੁੰਦਾ ਹੈ। ਅਭਿਧਾ ਦੀਆਂ ਸ਼ਕਤੀਆਂ ਦੀ ਵਿਆਖਿਆ ਇਸ ਪ੍ਰਕਾਰ ਹੈ:

੧. **ਰੂੜ੍ਹੀ ਅਭਿਧਾ:** 'ਅੱਪਯ ਦੀਕਸ਼ਤ' ਦੇ ਅਨੁਸਾਰ, "ਇਥੇ ਰੂੜ੍ਹੀ ਵਿਚ ਸ਼ਬਦਾਂ ਦੀ ਅਖੰਡ ਤੇ ਅਵੰਡ ਸ਼ਕਤੀ ਤੋਂ ਹੀ ਇਕ ਅਰਥ ਦੀ ਪ੍ਰਤੀਤੀ ਹੁੰਦੀ ਹੈ।" ਅਰਥਾਤ ਜਿਥੇ ਸ਼ਬਦ ਇਕ ਅਨਿੱਖੜ ਰੂਪ ਵਿਚ ਅਰਥ ਜਤਲਾਵੇ, ਉਸਨੂੰ ਰੂੜ੍ਹੀ ਅਭਿਧਾ ਕਿਹਾ ਜਾਂਦਾ ਹੈ। ਜਿਵੇਂ: ਪਲੰਘ, ਹਾਥੀ, ਦਰਖਤ, ਕੁਰਸੀ ਆਦਿ। ਇਹ ਸ਼ਬਦ ਆਪਣੇ ਆਪ ਵਿਚ ਹੀ ਅਰਥ ਰੱਖਦੇ ਹਨ।

2. **ਜੌਗਿਕ ਅਭਿਧਾ:** ਇਹ ਅਭਿਧਾ ਉਥੇ ਹੁੰਦੀ ਹੈ, ਜਿਥੇ ਦੋ ਸ਼ਬਦਾਂ ਦਾ ਸੰਜੋਗ ਅਥਵਾ ਸੁਮੇਲ ਹੁੰਦਾ ਹੈ। ਇਸ ਕਰਕੇ ਇਨ੍ਹਾਂ ਸ਼ਬਦਾਂ ਨਾਲ ਜੁੜੇ ਅਰਥਾਂ ਦਾ ਗਿਆਨ ਸ਼ਬਦਾਂ ਦੇ ਅੰਗ ਨਿਖੇੜ ਤੇ ਨਿਰਭਰ ਕਰਦਾ ਹੈ। ਜਿਵੇਂ: ਜਲਵਾਹ (ਜਲ + ਵਾਹ), ਖੁਸ਼ਬੋ (ਖੁਸ਼ + ਬੋ), ਲੋਕਸਭਾ (ਲੋਕ + ਸਭਾ) ਆਦਿ।

3. **ਜੋਗ ਰੂੜ੍ਹੀ ਅਭਿਧਾ:** ਇਸ ਅਭਿਧਾ ਦੇ ਘੇਰੇ ਵਿਚ ਆਉਣ ਵਾਲੇ ਸ਼ਬਦ ਅਜਿਹੇ ਹੁੰਦੇ ਹਨ ਜੋ ਜੌਗਿਕ ਰੂਪ ਧਾਰਨ ਕਰਨ ਪਿਛੋਂ ਰੂੜ੍ਹ ਹੋ ਜਾਂਦੇ ਹਨ। ਅਜਿਹੇ ਅਰਥਾਂ ਦਾ ਬੋਧ ਪਰੰਪਰਾ ਤੇ ਵਿਉਤਪਤੀ ਦੋਵਾਂ ਨਾਲ ਮੁਮਕਿਨ ਹੁੰਦਾ ਹੈ। ਇਸ ਪੱਖੋਂ 'ਪੰਕਜ' ਸ਼ਬਦ ਦੀ ਉਦਾਹਰਣ ਲਈ ਜਾ ਸਕਦੀ ਹੈ। ਇਹ ਦੋ ਸ਼ਬਦਾਂ 'ਪੰਕ' ਤੇ 'ਜ' ਦਾ ਸੁਮੇਲ ਹਨ। ਇਸ ਦਾ ਅਰਥ ਇਹ ਹੈ 'ਚਿੱਕੜ ਵਿਚ ਪੈਦਾ ਹੋਣ ਵਾਲਾ'। ਚਿੱਕੜ ਵਿਚ ਭਾਵੇਂ ਹੋਰ ਵੀ ਕਈ ਫੁੱਲ ਬੂਟੇ ਪੈਦਾ ਹੁੰਦੇ ਹਨ ਪਰ ਇਥੇ 'ਪੰਕਜ' ਸ਼ਬਦ ਦਾ ਅਰਥ ਕੇਵਲ ਕਮਲ ਦੇ ਫੁੱਲ ਤੋਂ ਹੈ।

ਅਭਿਧਾ ਸ਼ਕਤੀ ਦੀ ਮਹੱਤਤਾ ਕਾਵਿ ਜਾਂ ਵਿਗਿਆਨ ਵਿਚ ਹਰ ਥਾਂ ਵੇਖੀ ਜਾਂਦੀ ਹੈ। ਕਾਵਿ ਵਿਚ ਹੀ ਨਹੀਂ ਨਿੱਤ ਜੀਵਨ ਦੇ ਕਾਰ ਵਿਹਾਰ ਵਿਚ ਵੀ ਇਹ ਸ਼ਕਤੀ ਮਿਲਦੀ ਹੈ। ਆਉਣ ਵਾਲੀਆਂ ਦੂਜੀਆਂ ਸ਼ਕਤੀਆਂ ਦੀ ਇਹ ਨੀਂਹ ਹੈ। ਇਸਦੇ ਗਿਆਨ ਪਿਛੋਂ ਹੀ ਹੋਰ ਸ਼ਬਦਾਂ ਦੀ ਸਮਝ ਪੈਂਦੀ ਹੈ।

## ਲਕਸ਼ਣਾ ਸ਼ਕਤੀ

ਜਦੋਂ ਕਿਸੇ ਸ਼ਬਦ ਦੇ ਅਰਥ ਕਰਦਿਆਂ ਉਸਦੇ ਮੁੱਖ ਅਰਥ ਜਾਂ ਵਾਚਕ ਅਰਥ ਨਾਲ ਰੁਕਾਵਟ ਪਵੇ ਅਤੇ ਰੂੜ੍ਹ, ਵਿਆਕਰਣ ਆਦਿ ਤੋਂ ਭਿੰਨ ਕਿਸੇ ਹੋਰ ਸ਼ਕਤੀ ਨਾਲ ਸ਼ਬਦ ਦਾ ਤਾਤਪਰਜ ਜਾਣਨਾ ਪਵੇ ਤਾਂ ਉਥੇ ਲਕਸ਼ਣਾ ਸ਼ਕਤੀ ਹੁੰਦੀ ਹੈ। ਜਿਸ ਸ਼ਬਦ ਤੇ ਮੁੱਖ ਅਰਥ ਤੋਂ ਇਲਾਵਾ

ਲਕਸ਼ਣ ਸ਼ਕਤੀ ਦੁਆਰਾ ਹੋਰ ਕਿਸੇ ਅਰਥ ਦਾ ਗਿਆਨ ਹੁੰਦਾ ਹੈ, ਉਸਨੂੰ ਲਕਸ਼ਕ ਅਤੇ ਉਸਦੇ ਅਰਥ ਨੂੰ ਲਕਸ਼ਿਆਰਥ ਕਹਿੰਦੇ ਹਨ।

ਲਕਸ਼ਣ ਸ਼ਕਤੀ ਦੇ ਭੇਦ: ਰੂੜ੍ਹੀ ਅਤੇ ਪ੍ਰਯੋਜਨ ਦੇ ਆਧਾਰ ਤੇ ਇਸ ਸ਼ਕਤੀ ਦੇ ਪ੍ਰਮੁੱਖ ਰੂਪ ਵਿਚ ਦੋ ਭੇਦ ਹਨ: ਰੂੜ੍ਹੀ ਲਕਸ਼ਣਾ ਅਤੇ ਪ੍ਰਯੋਜਨਵਤੀ ਲਕਸ਼ਣਾ। ਉਂਝ ਲਕਸ਼ਣਾ ਸ਼ਕਤੀ ਦੇ ਭੇਦਾਂ ਸੰਬੰਧੀ ਸੰਸਕ੍ਰਿਤ ਦੇ ਆਚਾਰਯ ਦੇ ਇਕ ਮਤ ਨਹੀਂ ਹਨ। 'ਮੰਮਟ' ਨੇ ਰੂੜ੍ਹੀ ਅਤੇ ਪ੍ਰਯੋਜਨਵਤੀ ਭੇਦ ਛੱਡ ਕੇ ਬਾਕੀ ਪ੍ਰਯੋਜਨਵਤੀ ਦੇ ਛੇ ਉਪ-ਭੇਦ ਦੱਸੇ ਹਨ। ਪਰ 'ਆਚਾਰਯ ਵਿਸ਼ਵਨਾਥ' ਨੇ 'ਸਾਹਿਤਯ ਦਰਪਣ' ਵਿਚ ਰੂੜ੍ਹੀ ਦੇ 16 ਭੇਦ ਲਿਖੇ ਹਨ ਅਤੇ ਪ੍ਰਯੋਜਨਵਤੀ ਲਕਸ਼ਣਾ ਦੇ '64'। ਇਸ ਤਰ੍ਹਾਂ ਲਕਸ਼ਣਾ ਸ਼ਕਤੀ ਦੇ ਕੁਲ 80 ਭੇਦ ਦੱਸੇ ਹਨ। ਪਰ ਇਹਨਾਂ ਵਿਚੋਂ ਨੌ ਹੀ ਪ੍ਰਮੁੱਖ ਹਨ- ਅੱਠ ਪ੍ਰਯੋਜਨਵਤੀ ਦੇ ਭੇਦ ਅਤੇ ਇਕ ਰੂੜ੍ਹੀ ਲਕਸ਼ਣਾ।

(ੳ) ਰੂੜ੍ਹੀ ਲਕਸ਼ਣਾ: ਰੂੜ੍ਹੀ ਲਕਸ਼ਣਾ ਦਾ ਕਾਰਜ ਉਥੇ ਹੁੰਦਾ ਹੈ ਜਿਥੇ ਮੁੱਖ ਅਰਥ ਦੀ ਬਾਧਾ ਤੇ ਉਸ ਨਾਲ ਜੁੜੇ ਕਿਸੇ ਵੱਖਰੇ ਅਰਥ ਦਾ ਆਭਾਸ ਹੋ ਰਿਹਾ ਹੁੰਦਾ ਹੈ। ਲਕਸ਼ਣ ਸ਼ਕਤੀ ਦੇ ਇਸ ਭੇਦ ਨੂੰ ਆਸਾਨੀ ਨਾਲ ਸਮਝਣ ਲਈ ਮੁਹਾਵਰੇ ਤੇ ਅਖਾਣਾਂ ਨੂੰ ਸਾਹਮਣੇ ਰੱਖਿਆ ਜਾ ਸਕਦਾ ਹੈ। ਮਿਸਾਲ ਦੇ ਤੌਰ ਤੇ 'ਪਾਣੀ-ਪਾਣੀ ਹੋਣਾ' - ਮੁਹਾਵਰੇ ਵਿਚ ਇਥੇ ਪਾਣੀ ਦਾ ਅਰਥ ਪੀਣ ਵਾਲੇ ਤਰਲ ਪਦਾਰਥ ਤੋਂ ਨਹੀਂ ਬਲਕਿ ਇਸ ਤੋਂ ਭਿੰਨ ਅਰਥ ਸ਼ਰਮ ਤੋਂ ਰਹੇ ਹਨ ਜਿਨ੍ਹਾਂ ਕਾਰਨ ਇਹ ਮੁਹਾਵਰੇ ਦੇ ਸ਼ਬਦ ਮੂਲ ਅਰਥ ਤੋਂ ਹੱਟ ਕੇ ਸ਼ਰਮਿੰਦਾ ਹੋਣ ਦੇ ਅਰਥ ਨੂੰ ਰੂਪਮਾਨ ਕਰ ਰਹੇ ਹਨ।

(ਅ) ਪ੍ਰਯੋਜਨਵਤੀ ਲਕਸ਼ਣਾ: ਇਹ ਲਕਸ਼ਣਾ ਉਸ ਕਥਨ ਵਿਚ ਸਥਿਤ ਹੁੰਦੀ ਹੈ ਜਿਥੇ ਕਿਸੇ ਵਿਸ਼ੇਸ਼

ਉਦੇਸ਼ ਦੀ ਸਿੱਧੀ ਲਈ ਲਕਸ਼ਣਾ ਸ਼ਕਤੀ ਨੂੰ ਮਾਧਿਅਮ ਬਣਾਇਆ ਜਾਂਦਾ ਹੈ। <u>ਮਿਸਾਲ ਦੇ ਤੌਰ ਤੇ</u> - <u>'ਗੰਗਾ ਵਿਚ ਪਿੰਡ ਹੈ।'</u> ਇਥੇ ਗੰਗਾ ਦੇ ਜਲ ਵਿਚ ਪਿੰਡ ਦਾ ਹੋਣਾ ਅਸੰਭਵ ਹੈ। <u>ਇਥੇ ਮੁੱਖ ਅਰਥ ਵਿਚ ਰੁਕਾਵਟ ਆ ਗਈ ਹੈ।</u> ਪਰ ਇਸਦਾ 'ਗੰਗਾ ਦੇ ਕੰਢੇ ਪਿੰਡ ਹੈ' ਅਰਥ ਕਰਨ ਨਾਲ <u>ਮੁੱਖ ਅਰਥ ਦੀ ਰੁਕਾਵਟ ਦੂਰ ਹੋ ਜਾਂਦੀ ਹੈ।</u> ਇਸ ਲਈ ਪ੍ਰਯੋਜਨ-ਵਤੀ ਲਕਸ਼ਣਾ ਹੈ। ਇਥੇ ਲੇਖਕ/ਕਵੀ ਦਾ ਪ੍ਰਯੋਜਨ ਪਿੰਡ ਨੂੰ ਸ਼ੀਤਲ ਜਾਂ ਪਵਿੱਤਰ ਦੱਸਣਾ ਹੈ। ਇਸਦੇ ਪ੍ਰਮੁੱਖ ਦੋ ਭੇਦ ਹਨ - ਗੌਣੀ ਅਤੇ ਸ਼ੁੱਧਾ! ਇਨਾਂ ਦੇ ਵੀ ਅੱਗੋਂ ਦੋ ਭੇਦ ਹਨ- ਉਪਦਾਨ ਲਕਸ਼ਣਾ ਅਤੇ ਲਕਸ਼ਣ ਲਕਸ਼ਣਾ।

੩. <u>ਗੌਣੀ ਲਕਸ਼ਣਾ:</u> ਜਦ ਸਾਦ੍ਰਿਸ਼ਤਾ ਜਾਂ ਸਮਾਨ ਗੁਣ (ਧਰਮ) ਕਰਕੇ ਲਕਸ਼ ਅਰਥ ਦਾ ਬੋਧ ਹੋਵੇ, ਤਾਂ ਗੌਣੀ ਲਕਸ਼ਣਾ ਹੋਵੇਗੀ। ਉਦਾਹਰਨ ਵਜੋਂ 'ਗੁਰੂ ਸਾਹਿਬ ਨੇ ਮੁਖਾਰਬਿੰਦ ਤੋਂ ਸ਼ਬਦ ਬੋਲਿਆ। ਇਥੇ 'ਮੁੱਖ ਅਰਬਿੰਦ' ਨੂੰ ਲਿਆ ਜਾ ਸਕਦਾ ਹੈ। ਇਥੇ ਵੀ ਇਹ ਰੁਕਾਵਟ ਹੈ। ਗੌਣੀ ਲਕਸ਼ਣਾ ਨਾਲ ਮੁੱਖ ਅਤੇ ਅਰਬਿੰਦ ਦੇ ਗੁਣਾ ਦੇ ਵਿਚਾਰ ਕਰਕੇ ਮੁੱਖ ਨੂੰ ਅਰਬਿੰਦ ਕਿਹਾ ਗਿਆ ਹੈ।

੪. <u>ਸ਼ੁੱਧਾ ਲਕਸ਼ਣਾ:</u> ਇਹ ਪ੍ਰਯੋਜਨਵਤੀ ਲਕਸ਼ਣਾ ਦਾ ਦੂਜਾ ਭੇਦ ਹੈ। ਜਿਸ ਵਿਚ ਸਾਦ੍ਰਿਸ਼ਤਾ ਤੋਂ ਛੁੱਟ ਕਿਸੇ ਹੋਰ ਸੰਬੰਧ ਨਾਲ ਲਕਸ਼ ਦਾ ਗਿਆਨ ਹੋਵੇ। ਇਸ ਲਈ ਇਕ ਸੌ ਸੰਬੰਧਾਂ ਦੀ ਕਲਪਨਾ ਕੀਤੀ ਗਈ ਹੈ। ਜਿਵੇਂ: ਅਧਾਰ- ਅਧੇਯ ਸੰਬੰਧ, ਆਸ਼੍ਰਯ - ਆਸ਼੍ਰਿਤ ਸੰਬੰਧ, ਸੰਬੰਧਾਂ ਦੀ ਕਲਪਨਾ ਕੀਤੀ ਗਈ ਹੈ। ਜਿਵੇਂ ਅਸਲ ਵਿਚ ਉਸਦੇ ਕਾਰਜ ਕਾਰਣ ਸੰਬੰਧ, ਨੇੜਤਾ ਸੰਬੰਧ ਆਦਿ। ਜਿਵੇਂ 'ਉਸਦੇ ਅੰਚਲ ਵਿਚ ਦੁੱਧ ਹੈ।' ਇਥੇ ਅੰਚਲ ਅਤੇ ਥਣਾਂ ਦੀ ਨੇੜਤਾ ਹੈ। ਇਸ ਲਈ ਨੇੜਤਾ ਕਰਕੇ ਸ਼ੁੱਧਾ ਲਕਸ਼ਣਾ ਰਾਹੀਂ ਅੰਚਲ ਵਿਚ ਦੁੱਧ ਦਾ ਹੋਣਾ ਸਾਰਥਕ ਹੋ ਗਿਆ ਹੈ।

ਗੌਣੀ ਅਤੇ ਸ਼ੁੱਧਾ ਦੋਹਾਂ ਲਕਸ਼ਣਾਵਾਂ ਦੇ ਅੱਗੋਂ ਚਾਰ ਭੇਦ ਹਨ - ਉਪਾਦਾਨ ਲਕਸ਼ਣਾ, ਲਕਸ਼ਣ ਲਕਸ਼ਣਾ, ਸਾਰੋਪਾ ਲਕਸ਼ਣਾ, ਸਾਧ੍ਯਵਸਾਨਾ ਲਕਸ਼ਣਾ।

੧. ਉਪਾਦਾਨ ਲਕਸ਼ਣਾ: ਮੰਮਟ ਅਨੁਸਾਰ ਮੁੱਖ ਅਰਥ ਦੀ ਅਨਵਯ (ਸੰਬੰਧ) ਸਿੱਧੀ ਲਈ ਦੂਜੇ ਅਰਥ ਨੂੰ ਉਪਲਕਸ਼ਿਤ ਕਰਨਾ ਉਪਾਦਾਨ ਲਕਸ਼ਣਾ ਹੈ। 'ਉਪਾਦਾਨ' ਦਾ ਅਰਥ ਹੈ ਗ੍ਰਹਿਣ ਕਰਨਾ। ਉਪਾਦਾਨ ਲਕਸ਼ਣਾ ਵਿਚ ਮੁੱਖ ਅਰਥ ਨੂੰ ਛੱਡਿਆ ਨਹੀਂ ਜਾਂਦਾ, ਉਸਨੂੰ ਗ੍ਰਹਿਣ ਕਰ ਲਿਆ ਜਾਂਦਾ ਹੈ। ਇਸ ਲਈ ਵੀ ਪ੍ਰਯੋਜਨ ਪ੍ਰਾਪਤ ਅਰਥ ਦੀ ਸਿੱਧੀ ਲਈ ਹੋਰ ਅਰਥ ਦੇ ਗ੍ਰਹਿਣ ਕਰਨ ਤੇ ਵੀ ਮੁੱਖ ਅਰਥ ਨਾ ਛੁਟੇ ਤਾਂ ਉਪਾਦਾਨ ਲਕਸ਼ਣਾ ਹੁੰਦੀ ਹੈ। 'ਮੰਮਟ' ਦੇ ਅਨੁਸਾਰ ਇਸ ਉਪਾਦਾਨ ਲਕਸ਼ਣਾ ਵਿਚ ਆਪਣੀ ਅਰਥ ਸਿੱਧੀ ਵਾਸਤੇ ਪਰਾਏ ਅਰਥ ਨੂੰ ਖਿੱਚਿਆ ਜਾਂਦਾ ਹੈ।

ਪ੍ਰੋ. ਕਾਣੇ (Kane) ਨੇ ਲਿਖਿਆ ਹੈ,

> "When the primary meaning at something alse which is required in addition, for the establishment of a logical connection among the things in the sentence there is."

ਇਸਦਾ ਇਕ ਹੋਰ ਨਾਮ 'ਅਜਹਤਸ੍ਵਾਰਥਾ ਲਕਸ਼ਣਾ' ਵੀ ਹੈ। ਉਦਾਹਰਨ ਵਜੋਂ: ਗੰਗਾ ਤਾਂ ਗੰਗਾ ਹੀ ਹੈ, ਇਥੇ ਦੂਜੀ ਵਾਰ ਆਇਆ 'ਗੰਗਾ' ਸ਼ਬਦ ਲਕਸ਼ਿਕ ਹੈ। ਇਸਦਾ ਲਕਸ਼ ਅਰਥ ਹੈ 'ਅਭਿੰਨਤ ਪਵਿੱਤਰ'। ਇਥੇ ਗੰਗਾ ਦੇ ਮੁੱਖ ਅਰਥ ਇਕ ਨਦੀ ਦਾ ਵੀ ਤਿਆਗ ਨਹੀਂ ਹੋਇਆ। ਇਸ ਲਈ ਮੁੱਖ ਅਤੇ

ਲਕਸ਼ ਦੋਹਾਂ ਅਰਥਾਂ ਦੀ ਹੋਂਦ ਕਾਇਮ ਰੱਖ ਕਰਕੇ 'ਉਪਾਦਾਨ' ਲਕਸ਼ਣ ਹੈ।

2. **ਲਕਸ਼ਣ ਲਕਸ਼ਣਾ:** ਮੰਮਟ ਅਨੁਸਾਰ ਅਮੁੱਖ ਅਰਥ ਲਈ ਮੁੱਖ ਅਰਥ ਨੂੰ ਸਮਰਪਿਤ ਕਰਨਾ ਜਾਂ ਤਿਆਗਣਾ ਲਕਸ਼ਣ ਲਕਸ਼ਣਾ ਹੈ। ਜਦ ਵਾਕ ਅਰਥ ਦੀ ਸਿੱਧੀ ਲਈ ਮੁੱਖ ਅਰਥ ਨੂੰ ਛੱਡ ਕੇ ਲਕਸ਼ ਅਰਥ ਨੂੰ ਗ੍ਰਹਿਣ ਕੀਤਾ ਜਾਂਦਾ ਹੈ, ਤਦ ਲਕਸ਼ਣ ਲਕਸ਼ਣਾ ਹੁੰਦੀ ਹੈ। ਇਸ ਵਿਚ ਮੁੱਖ ਅਰਥ ਆਪਣੇ ਅਰਥ ਨੂੰ ਛੱਡ ਦਿੰਦਾ ਹੈ ਤਾਂ ਉਸ ਥਾਂ ਤੇ ਅਮੁੱਖ ਜਾਂ ਅਭਿੰਨ ਅਰਥ ਨੂੰ ਗ੍ਰਹਿਣ ਕਰਦਾ ਹੈ। ਇਸਦਾ ਇਕ ਹੋਰ ਨਾਂ 'ਜਹਤਸਵਾਰਥਾ ਲਕਸ਼ਣਾ' ਵੀ ਹੈ। ਇਸਦਾ ਅਰਥ ਹੈ ਜੋ ਆਪਣੇ ਅਰਥਾਂ ਨੂੰ ਛੱਡ ਦੇਵੇ। ਉਪਾਦਾਨ ਲਕਸ਼ਣਾ ਅਤੇ ਲਕਸ਼ਣ ਲਕਸ਼ਣਾ ਵਿਚ ਇਹੋ ਬੁਨਿਆਦੀ ਅੰਤਰ ਹੈ ਕਿ ਪਹਿਲੀ ਵਿਚ ਮੁੱਖ ਅਰਥ ਬਣਿਆ ਰਹਿੰਦਾ ਹੈ। ਦੂਜੀ ਵਿਚ ਮੁੱਖ ਅਰਥ ਦਾ ਤਿਆਗ ਹੁੰਦਾ ਹੈ।

**ਉਦਾਹਰਣ ਵਜੋਂ:** 'ਉਹਨਾਂ ਦੇ ਘਰ ਵਿਚ ਗੰਗਾ ਵਹਿੰਦੀ ਹੈ।' ਇੱਥੇ ਗੰਗਾ ਦਾ ਲਕਸ਼ ਅਰਥ ਹੈ ਪਵਿੱਤਰਤਾ, ਨਿਰਮਲਤਾ, ਇਸ ਲਕਸ਼ ਅਰਥ ਲਈ 'ਗੰਗਾ' ਦੇ ਮੁੱਖ ਅਰਥ 'ਨਦੀ' ਨੂੰ ਤਿਆਗਣਾ ਹੈ। ਇਸ ਲਈ ਇਹ ਲਕਸ਼ਣ ਲਕਸ਼ਣਾ ਹੈ।

3. **ਸਾਰੋਪਾ ਲਕਸ਼ਣਾ:** ਮੰਮਟ ਅਨੁਸਾਰ ਆਰੋਪਜਮਾਣ (ਉਪਮਾਨ) ਅਤੇ ਆਰੋਪ ਦੇ ਵਿਸ਼ੇ ਦਾ ਭੇਦ ਛੁਪਾਇਆ ਨਹੀਂ ਜਾਂਦਾ, ਉਹਨਾਂ ਦੋਹਾਂ ਦਾ ਸਮਾਨ ਅਧਿਕਾਰ ਨਾਲ ਨਿਰਦੇਸ਼ ਕੀਤਾ ਜਾਂਦਾ ਹੈ, ਉੱਥੇ 'ਸਾਰੋਪਾ ਲਕਸ਼ਣਾ' ਹੈ। ਸਾਰੋਪਾ ਦਾ ਅਰਥ ਹੈ - 'ਆਰੋਪ-ਸਹਿਤ'। ਆਰੋਪ ਤੋਂ ਭਾਵ ਹੈ ਉਪਮੇਜ ਅਤੇ ਉਪਮਾਨ ਦਾ ਸੰਬੰਧ। ਜਿੱਥੇ ਆਰੋਪ ਅਤੇ 'ਆਰੋਪਜਮਾਣ' ਦੋਹਾਂ ਨੂੰ ਵੱਖ-ਵੱਖ ਗ੍ਰਹਿਣ ਕਰਕੇ ਹੋਇਆ ਲਕਸ਼ਣਾ ਸ਼ਬਦ ਸ਼ਕਤੀ ਦੀ ਵਰਤੋਂ ਕੀਤੀ ਹੋਵੇ, ਉੱਥੇ ਸਾਰੋਪਾ ਲਕਸ਼ਣਾ ਹੁੰਦੀ ਹੈ।

ਉਦਾਹਰਣ ਵਜੋਂ: 'ਭੀਮ ਹਾਥੀ ਸੀ।' ਇਥੇ ਭੀਮ (ਉਪਮੇਯ) ਵਿਚ ਹਾਥੀ (ਉਪਮਾਨ) ਦਾ ਆਰੋਪ ਕੀਤਾ ਗਿਆ ਹੈ। ਇਹਨਾਂ ਦੋਹਾਂ ਦਾ ਵੱਖ-ਵੱਖ ਅਰਥ ਗ੍ਰਹਿਣ ਕਰਕੇ ਲਕਸ਼ਣਾ ਸ਼ਕਤੀ ਦੀ ਵਰਤੋਂ ਕੀਤੀ ਗਈ ਹੈ। ਇਸ ਲਈ ਇਥੇ 'ਆਰੋਪਾ ਲਕਸ਼ਣਾ' ਹੈ।

4. ਸਾਧਯਵਸਾਨਾ ਲਕਸ਼ਣਾ: ਮੰਮਟ ਅਨੁਸਾਰ ਜਿਥੇ ਵਿਸ਼ਈ (ਉਪਮਾਨ) ਦੁਆਰਾ ਵਿਸ਼ਯ (ਉਪਮੇਯ) ਨੂੰ ਆਤਮਸਾਤ ਕਰ ਲਿਆ ਜਾਂਦਾ ਹੈ, ਉਥੇ 'ਸਾਧਯਵਸਾਨਾ ਲਕਸ਼ਣਾ' ਹੁੰਦੀ ਹੈ। 'ਸਾਧ੍ਯਵਸਾਨ' ਦਾ ਅਰਥ ਹੈ- ਵਿਲੀਨ ਕਰਨਾ, ਨਿਗਲਣਾ। ਇਸ ਲਈ ਜਦ ਉਪਮੇਯ ਨੂੰ ਉਪਮਾਨ ਨਿਗਲ ਜਾਂਦਾ ਹੈ ਜਾਂ ਉਸਨੂੰ ਆਪਣੇ ਵਿਚ ਲੀਨ ਕਰ ਲੈਂਦਾ ਹੈ, ਤਦ 'ਸਾਧ੍ਯਵਸਾਨਾ ਲਕਸ਼ਣਾ' ਸ਼ਕਤੀ ਹੁੰਦੀ ਹੈ।
ਉਦਾਹਰਣ ਵਜੋਂ: 'ਦੁਪੱਟੇ ਵਿਚ ਲਿਪਟਿਆ ਚੰਨ ਵੇਖ'। ਇਥੇ 'ਚੰਨ' ਦੁਆਰਾ ਮੁੱਖ ਦਾ ਗਿਆਨ ਹੁੰਦਾ ਹੈ। ਇਥੇ ਉਪਮਾਨ ਨੇ ਉਪਮੇਯ ਨੂੰ ਆਪਣੇ ਵਿਚ ਲੀਨ ਕਰ ਲਿਆ ਹੈ, ਇਸ ਲਈ ਇਥੇ 'ਸਾਧ੍ਯਵਸਾਨਾ ਲਕਸ਼ਣਾ' ਸ਼ਕਤੀ ਹੈ।

ਤਾਤਪਰਯ ਵ੍ਰਿੱਤੀ (ਸ਼ਕਤੀ): ਇਸਤੋਂ ਪਹਿਲਾਂ ਵਰਣਿਤ ਦੋ ਸ਼ਬਦ ਸ਼ਕਤੀਆਂ ਅਭਿਧਾ ਅਤੇ ਲਕਸ਼ਣਾ ਰਾਹੀਂ ਕੇਵਲ ਸ਼ਬਦ ਦੇ ਅਰਥ ਦੀ ਪ੍ਰਤੀਤੀ ਹੁੰਦੀ ਹੈ ਪਰ ਸੰਪੂਰਨ ਵਾਕ ਦਾ ਬੋਧ ਅਰਥ ਨਹੀਂ ਹੁੰਦਾ। ਸਾਰੇ ਵਾਕ ਅਰਥਾਂ ਨੂੰ ਜਾਨਣ ਲਈ ਜਿਸ ਸ਼ਕਤੀ ਦੀ ਆਚਾਰਯਾਂ ਨੇ ਕਲਪਨਾ ਕੀਤੀ ਹੈ ਉਸਦਾ ਨਾਮ 'ਤਾਤਪਰਯ ਵ੍ਰਿੱਤੀ' ਹੈ। ਤਾਤਪਰਯ ਸ਼ਕਤੀ ਦਾ ਸੰਬੰਧ ਵਾਕ ਤੇ ਵਾਕ ਅਰਥ ਨਾਲ ਹੈ ਇਸ ਲਈ ਇਸ ਸ਼ਕਤੀ ਦੀ ਪੂਰੀ ਜਾਣਕਾਰੀ ਲਈ ਵਾਕ ਤੇ ਵਾਕ ਅਰਥ ਦੀ ਪਰਿਭਾਸ਼ਾ ਜ਼ਰੂਰੀ ਹੈ। ਵਿਸ਼ਵਨਾਥ ਅਨੁਸਾਰ ਆਕਾਂਖਿਆ ਯੋਗਤਾ ਤੇ ਨੇੜਤਾ ਦੇ ਨਾਲ ਜੁੜੇ ਹੋਏ ਸ਼ਬਦਾਂ ਸਮੂਹ ਹੀ ਵਾਕ ਹੈ।

## ਵਿਅੰਜਨਾ (Power of Suggestion)

ਇਹ ਸ਼ਬਦ ਦੀ ਤੀਜੀ ਮਹੱਤਵਪੂਰਨ ਸ਼ਕਤੀ ਹੈ। ਵਿਅੰਜਨਾ ਦਾ ਸ਼ਾਬਦਿਕ ਅਰਥ ਹੈ ਵਿਸ਼ੇਸ਼ ਪ੍ਰਕਾਰ ਦਾ ਅੰਜਨ (ਸੁਰਮਾ), ਅਰਥਾਤ ਵਿਸ਼ੇਸ਼ ਅਰਥ ਪ੍ਰਗਟਾਵਾ ਵਾਲਾ ਸ਼ਬਦ ਵਿਆਪਾਰ। ਇਸ ਤਰ੍ਹਾਂ ਕਾਵਿ ਦੇ ਲੁਕੇ ਹੋਏ ਜਾਂ ਗੂੜ੍ਹ ਅਰਥ ਨੂੰ ਪ੍ਰਗਟ ਕਰਨ ਵਾਲੀ ਸ਼ਕਤੀ ਵਿਅੰਜਨਾ ਹੈ। ਜਦੋਂ ਅਭਿਧਾ ਅਤੇ ਲਕਸ਼ਣਾ ਸ਼ਕਤੀਆਂ ਆਪਣਾ ਆਪਣਾ ਅਰਥ ਪ੍ਰਗਟ ਕਰ ਸ਼ਾਂਤ ਹੋ ਜਾਣ ਅਤੇ ਜਿਸ ਸ਼ਕਤੀ ਰਾਹੀਂ ਇਹਨਾਂ ਦੋਹਾਂ ਤੋਂ ਭਿੰਨ ਅਰਥਾਂ ਦਾ ਗਿਆਨ ਹੋਵੇ, ਉਹ ਵਿਅੰਜਨਾ ਸ਼ਕਤੀ ਹੈ।

ਇਸ ਸ਼ਕਤੀ ਰਾਹੀਂ ਪ੍ਰਾਪਤ ਹੋਣ ਵਾਲੇ ਅਰਥ ਨੂੰ ਵਿਅੰਗ ਅਰਥ ਜਾਂ 'ਧੁਨੀ-ਅਰਥ' ਕਿਹਾ ਜਾਂਦਾ ਹੈ, ਅਜਿਹੇ ਸ਼ਬਦਾਂ ਨੂੰ ਵਿਅੰਜਕ ਦਾ ਨਾਂ ਦਿੱਤਾ ਜਾਂਦਾ ਹੈ। ਅਭਿਧਾ ਅਤੇ ਲਕਸ਼ਣਾ ਨਾਲੋਂ ਵਿਅੰਜਨਾ ਦਾ ਖੇਤਰ ਬਹੁਤ ਵਿਸਤ੍ਰਿਤ ਹੈ। ਪਹਿਲੀਆਂ ਦੋਹਾਂ ਸ਼ਕਤੀਆਂ ਦਾ ਵਿਆਪਾਰ ਕੇਵਲ ਸ਼ਬਦ ਵਿਚ ਹੁੰਦਾ ਹੈ ਅਤੇ ਵਿਅੰਜਨਾ ਦਾ ਸ਼ਬਦ ਅਤੇ ਅਰਥ ਦੋਹਾਂ ਨਾਲ ਸੰਬੰਧ ਹੁੰਦਾ ਹੈ। ਇਸ ਨਾਲ ਹੀ ਕਾਵਿ ਦੀ ਵਾਸਤਵਿਕ ਸੁੰਦਰਤਾ ਉਘੜਦੀ ਹੈ।

ਇਸ ਪ੍ਰਸੰਗ ਵਿਚ ਇਹ ਉਲੇਖਯੋਗ ਹੈ ਕਿ ਅਭਿਧਾ ਸ਼ਕਤੀ ਤੇ ਲੱਕਸ਼ਣਾ ਸ਼ਕਤੀ ਦਾ ਸਿਰਫ਼ ਆਧਾਰ ਸ਼ਬਦ ਹੀ ਹੈ, ਅਰਥ ਨਹੀਂ, ਪਰੰਤੂ ਵਿਅੰਜਨਾ ਦਾ ਪਿੜ (Scope) ਸ਼ਬਦ ਤੇ ਅਰਥ ਦੋਵੇਂ ਹੀ ਹਨ। ਵਿਸ਼ੇਸ਼ ਤੌਰ ਤੇ ਅਰਥ, ਕਿਉਂਕਿ ਵਿਅੰਜਨਾ ਦਾ ਵਿਸ਼ੇਸ਼ ਆਧਾਰ ਅਰਥ ਹੈ, ਇਸ ਲਈ ਕਈ ਵਿਦਵਾਨ ਇਸਨੂੰ ਸ਼ਬਦ ਸ਼ਕਤੀ ਮੰਨਣ ਤੋਂ ਮੁਨਕਰ ਹੁੰਦੇ ਹਨ ਅਤੇ ਇਸਨੂੰ ਅਰਥ ਸ਼ਕਤੀ ਕਹਿੰਦੇ ਹਨ। ਮੰਮਟ ਦਾ ਕਥਨ ਹੈ ਕਿ ਉਂਞ ਤਾਂ ਵਿਅੰਜਨਾ ਸ਼ਬਦ ਸ਼ਕਤੀ ਹੈ, ਪ੍ਰੰਤੂ ਜਿੱਥੇ ਸ਼ਬਦ ਰਾਹੀਂ ਗਿਆਤ ਅਰਥ ਦੇਗ ਕਿਸੇ ਹੋਰ ਅਰਥ ਨੂੰ ਜਤਾਉਂਦਾ ਹੈ, ਉਥੇ ਅਰਥ ਵਿਅੰਜਕ ਹੈ ਅਤੇ ਸ਼ਬਦ ਕੇਵਲ ਸਹਾਇਕ ਮਾਤਰ ਹੈ। ਉਪਰਲੀ ਗੱਲ

ਦਾ ਮਤਲਬ ਨਾਲ ਹੋਰ ਸਾਫ਼ ਕਰ ਲਈਏ ਤਾਂ "ਅਮ੍ਰਿਤਾ ਪ੍ਰੀਤਮ' ਦਾ ਇਕ ਬੰਦ ਸਾਹਮਣੇ ਆਉਂਦਾ ਹੈ:

"ਅੱਖ ਫੇਰ ਤਾਰੇ ਚੀਨ ਗਏ
ਉਮਰਾ ਦੇ ਮਹਿਲੀਂ ਅਸੀਂ ਵੀ ਹੁਸਨਾ ਦੇ ਦੀਵੇ ਬਾਲ ਰਹੇ॥"

ਇਸ ਬੰਦ ਵਿਚ 'ਹੁਸਨਾ ਦੇ ਦੀਵੇ' ਵਿਚ ਫਰੇਬ ਹੈ। ਇਨ੍ਹਾਂ ਫਰੇਬ ਦੋਹਾਂ ਸ਼ਬਦਾ ਦਾ ਅਰਥ ਹੈ ਸੁਹਣਾਪਨ ਅਤੇ ਪ੍ਰੇਮ। ਪਰੰਤੂ ਇਸਦਾ ਲੱਖਣਾਰਥ ਦੀਵੇ ਵਰਗਾ ਸੁਹਣਾਪਣ ! ਪਰ ਇਸ ਤੋਂ ਅੱਗੇ ਹੋਰ ਵੀ ਅਰਥ, ਪਿਆਰ ਦੀ ਸੁਚੇਤਤਾ ਅਤੇ ਤੀਬਰਤਾ ਆਦਿ ਹਨ। ਇੱਥੇ ਦੋ ਅਰਥ ਸ਼ਬਦਾ ਦੇ ਅਧਾਰ ਤੇ ਹੀ ਹਨ ਪਰੰਤੂ ਵਿਅੰਗਾਰਥ - "ਪਿਆਰ ਦੀ ਖਿੜਾ ਭਰੀ ਰਹੀ ਹੈ।" ਇਹ ਕੇਵਲ ਉਦੋਂ ਹੀ ਪ੍ਰਤੀਤ ਹੋਵੇਗਾ ਜਦ ਅਰਥ ਫੋਲੇ ਜਾਣਗੇ।

ਸੋ ਵਿਅੰਜਨਾ ਸ਼ਬਦ ਤੇ ਅਰਥ ਦੋਹਾਂ ਉਤੇ ਨਿਰਭਰ ਹੁੰਦੀ ਹੈ, ਅਰਥਾਤ ਕਦੇ ਸ਼ਬਦ ਸਾਧਨ ਹੁੰਦਾ ਹੈ ਤੇ ਕਦੀ ਅਰਥ। ਨਿਰਭਰਤਾ ਦੇ ਇਸ ਭੇਦ ਕਰਕੇ ਹੀ ਵਿਅੰਜਨਾ ਦੇ ਦੋ ਭੇਦ ਹਨ:

ੳ. ਸ਼ਾਬਦੀ ਵਿਅੰਜਨਾ ਅ. ਆਰਥੀ ਵਿਅੰਜਨਾ

ੳ. ਸ਼ਾਬਦੀ ਵਿਅੰਜਨਾ: ਇਹ ਉਥੇ ਹੁੰਦੀ ਹੈ, ਜਿਥੇ ਵਿਅੰਗ-ਅਰਥ ਕਿਸੇ ਵਿਸ਼ੇਸ਼ ਸ਼ਬਦ ਦੀ ਵਰਤੋਂ ਉਤੇ ਨਿਰਭਰ ਹੁੰਦਾ ਹੈ। ਉਸ ਵਿਸ਼ੇਸ਼ ਸ਼ਬਦ ਦੀ ਥਾਂ ਤੇ ਉਸ ਦੇ ਕਿਸੇ ਸਮਾਨਾਰਥਕ ਸ਼ਬਦ ਨੂੰ ਵਰਤਣ ਨਾਲ ਵਿਅੰਗ ਅਰਥ ਦੀ ਪ੍ਰਤੀਤੀ ਨਹੀਂ ਹੁੰਦੀ। ਵਾਚਕ ਸ਼ਬਦ ਅਤੇ ਲਾਖਣਿਕ ਸ਼ਬਦ ਦੇ ਅਧਾਰ ਤੇ ਸ਼ਾਬਦੀ ਵਿਅੰਜਨਾ ਦੇ ਅੱਗੋ ਦੋ ਹੋਰ ਭੇਦ ਹਨ:-

I ਅਭਿਧਾਮੂਲਕ ਸੰਕੇਤ ਅਨੁਸਾਰ ਜਿਥੇ ਸੰਜੋਗ ਆਦਿ ਰਾਹੀਂ ਅਨੇਕਾਰਥਕ ਸ਼ਬਦਾ ਦੇ ਇਕ ਅਰਥ ਦਾ ਨਿਰਣਾ ਕੀਤਾ

ਸ਼ਕਤੀ ਨਾਲ ਹੋ ਜਾਣ ਤੇ ਜਿਸ ਸ਼ਕਤੀ ਰਾਹੀਂ ਹੋਰ ਵੱਖਰੇ ਅਰਥ ਦਾ ਬੋਧ ਹੋਵੇ, ਉਸਨੂੰ 'ਅਭਿਧਾ ਮੂਲਾ ਵਿਅੰਜਨਾ' ਸ਼ਕਤੀ ਕਿਹਾ ਜਾਂਦਾ ਹੈ।

ਉਦਾਹਰਣ ਵਜੋਂ: 'ਰਾਮ ਭਿਸ਼ਣ ਯੁੱਧ, ਭੂਸ਼ਣ ਜਾਣੋ।' ਇਥੇ ਰਾਮ ਸ਼ਬਦ ਅਨੇਕ ਅਰਥਕ ਹੈ। ਜਿਵੇਂ ਰਾਮਚੰਦਰ, ਪਰਸੁਰਾਮ, ਅਤੇ ਬਲਰਾਮ। ਪਰ ਭਿਸ਼ਣ ਸ਼ਬਦ ਦੇ ਪ੍ਰਸੰਗ ਵਿਚ ਆਉਣ ਨਾਲ 'ਸਹਚਾਰ' ਅਰਥ ਨਿਯਾਮਕ ਰਾਹੀਂ 'ਰਾਮ' ਦਾ ਅਰਥ ਬਲਰਾਮ।

II ਜਿਸ ਪ੍ਰਯੋਜਨ (ਮੰਤਵ) ਦੀ ਸਿੱਧੀ ਲਈ ਲਕਸ਼ਣਾ ਦਾ ਆਸਰਾ ਲਿਆ ਜਾਂਦਾ ਹੈ, ਉਸ ਪ੍ਰਯੋਜਨ ਦੀ ਪ੍ਰਤੀਤੀ ਜਿਸ ਸ਼ਕਤੀ ਰਾਹੀਂ ਹੁੰਦੀ ਹੈ, ਉਸਨੂੰ 'ਲਕਸ਼ਣਾ-ਮੂਲਾ-ਵਿਅੰਜਨਾ' ਕਹਿੰਦੇ ਹਨ। ਪ੍ਰਯੋਜਨਵਤੀ ਲਕਸ਼ਣਾ ਨਾਲ ਇਸ ਦੀ ਦੂਰ ਤਕ ਸਮਾਨਤਾ ਹੈ। ਪਿਛੇ ਦਿੱਤੀ ਮਿਸਾਲ 'ਗੰਗਾ ਵਿਚ ਪਿੰਡ ਹੈ' ਇਸ ਸੰਬੰਧ ਵਿਚ ਉਲੇਖਣ ਜੋਗ ਹੈ। ਇਕ ਹੋਰ ਵੰਨਗੀ ਹੈ 'ਇਸ ਨਗਰ ਵਿਚ ਰਹਿਣਾ ਅਤੇ ਮਗਰਮੱਛ ਨਾਲ ਵੈਰ'। ਪ੍ਰੰਤੂ ਇਥੇ ਮਗਰਮੱਛ ਅਰਥ ਸ਼ਪਸ਼ਟ ਨਹੀਂ। ਇਥੇ ਮਗਰਮੱਛ ਵਿਅੰਗ ਅਰਥ ਹੋਵੇਗਾ ਭਿਆਨਕ ਜਾਂ ਖੂੰਖਾਰ ਵਿਅਕਤੀ।

੨. ਆਰਥੀ ਵਿਅੰਜਨਾ: ਆਰਥੀ ਵਿਅੰਜਨਾ ਉਥੇ ਹੁੰਦੀ ਹੈ, ਜਿਥੇ ਵਿਅੰਗ ਅਰਥ ਜਨਿਤ ਹੁੰਦਾ ਹੈ। ਇਹ ਵਿਅੰਜਨਾ ਸ਼ਬਦ ਦੀ ਥਾਂ ਅਰਥ ਉਤੇ ਆਸਰਾ ਰੱਖਦੀ ਹੈ, ਅਰਥਾਤ ਅਰਥ ਦੀ ਮਦਦ ਨਾਲ ਵਿਅੰਗ ਦੀ ਪ੍ਰਤੀਤੀ ਹੁੰਦੀ ਹੈ।

ਮੰਮਟ ਅਨੁਸਾਰ: ਵਕਤਾ, ਸ੍ਰੋਤਾ, ਵਾਚ੍ਯ, ਵਾਕ੍ਯ ਨੇੜਤਾ, ਪ੍ਰਕਰਣ, ਦੇਸ਼, ਕਾਲ ਅਤੇ ਚੇਸ਼ਟਾ ਵਿਸ਼ਿਸ਼ਟਤਾਵਾਂ ਵਿਚੋਂ ਕਿਸੇ ਇਕ ਕਰਕੇ ਵਿਅੰਗ ਅਰਥ ਦਾ ਬੋਧ ਹੋਵੇ ਤਾਂ ਅਸੀਂ ਉਥੇ ਆਰਥੀ ਵਿਅੰਜਨਾ ਸਮਝਾਂਗੇ। ਜਿਵੇਂ:-

- ਮਾਨਸ ਜਨਮ ਦੁਰਲਭ ਹੈ ਹੋਤ ਨਾ ਬਾਰੰਬਾਰ॥
  ਜਿਉ ਫਲ ਪਾਕੇ ਭੋਇ ਗਿਰੇ ਬਹੁਤ ਨ ਲਾਗੈਂ ਡਾਰ॥

ਇਥੇ ਮਨੁੱਖਾ ਜਨਮ ਦੀ ਦੁਰਲਭਤਾ ਦਸ ਕੇ ਮੁਕਤੀ ਪ੍ਰਾਪਤੀ ਦੀ ਗੱਲ ਕਹੀ ਗਈ ਹੈ। ਇਥੇ 'ਮੁਕਤੀ' ਵਿਅੰਗ ਅਰਥ ਹੈ। ਇਸ ਲਈ ਇਹ ਸ਼ਾਬਦੀ- ਵਿਅੰਜਨਾ ਹੈ।

ਕਾਵਿ ਵਿਚ ਅਭਿਧਾ, ਲਕਸ਼ਣਾ ਅਤੇ ਵਿਅੰਜਨਾ ਦਾ ਮਹੱਤਵ ਕ੍ਰਮਵਾਰ ਸ਼੍ਰੇਸ਼ਠ ਸਮਝਿਆ ਜਾਂਦਾ ਹੈ। ਸੁਹਿਰਦ ਲੋਕਾਂ ਵਿਚ ਸਿੱਧੇ-ਸਾਦੇ ਕਥਨ ਨੂੰ ਕੋਈ ਉਚੇਚਾ ਮਹੱਤਵ ਨਹੀਂ ਦਿੱਤਾ ਜਾਂਦਾ, ਕਿਉਂਕਿ ਉਹ ਉਕਤੀ ਪ੍ਰਸਿੱਧ ਅਰਥ ਕਰਕੇ ਇੰਨੀ ਪ੍ਰਭਾਵਸ਼ਾਲੀ ਨਹੀਂ ਹੁੰਦੀ। ਜਦੋਂ ਕਿ ਵਿਅੰਜਨਾਂ ਰਾਹੀਂ ਸਧਾਰਣ ਜਿਹੀ ਗੱਲ ਵੀ ਚਮਤਕਾਰ ਯੁਕਤ ਹੋ ਜਾਂਦੀ ਹੈ। ਤਿੱਖੀ, ਢੁਕਵੀਂ, ਰਸਾਤਮਕਤਾ ਵਾਲੀ ਉਕਤੀ ਨੂੰ ਵੀ ਵਿਅੰਜਨਾ ਰਾਹੀਂ ਆਕਰਸ਼ਕ ਬਣਾਇਆ ਜਾ ਸਕਦਾ ਹੈ। ਵਿਅੰਜਨਾ ਦਾ ਖੇਤਰ ਵੀ ਅਭਿਧਾ ਅਤੇ ਲਕਸ਼ਣਾ ਨਾਲੋਂ ਵਿਆਪਕ ਹੈ ਅਤੇ ਇਸਦੇ ਘੇਰੇ ਵਿਚ ਸ਼ਬਦ ਅਰਥ ਦੋਵੇਂ ਆ ਜਾਂਦੇ ਹਨ। ਕਾਵਿ ਅਧਿਕਤਰ ਇਸੇ ਸ਼ਕਤੀ ਰਾਹੀਂ ਰਸਮਈ ਤੇ ਗ੍ਰਹਿਣ ਕਰਨ ਜੋਗਾ ਬਣਦਾ ਹੈ। ਅਜਿਹਾ ਕਾਵਿ ਹੀ ਉੱਤਮ ਕਾਵਿ ਮੰਨਿਆ ਜਾਂਦਾ ਹੈ। ਧੁਨੀ ਸਿਧਾਂਤ ਦਾ ਵਾਸਤਵਿਕ ਆਧਾਰ ਵੀ ਸ਼ਬਦ ਦੀ ਵਿਅੰਜਨਾ ਸ਼ਕਤੀ ਹੀ ਹੈ।